Series &RQPS/S

**SET-4**

**Q.P. Code 4/S**

Roll No. | | | | | | | | |

Candidates must write the Q.P. Code on the title page of the answer-book.

**ਨੋਟ**

(I) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ **7** ਪੰਨੇ ਹਨ।

(II) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **12** ਪ੍ਰਸ਼ਨ ਹਨ।

(III) ਪ੍ਰਸ਼ਨ ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ।

(IV) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪੱਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ।**

(V) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ। ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ। 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ।

**NOTE**

(I) Please check that this question paper contains **7** printed pages.

(II) Please check that this question paper contains **12** questions.

(III) Q.P. Code given on the right hand side of the question paper should be written on the title page of the answer-book by the candidate.

(IV) **Please write down the serial number of the question in the answer-book before attempting it.**

(V) 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾ : 3 ਘੰਟੇ* — *ਪੂਰਨ ਅੰਕ : 80*

*Time allowed : 3 hours* — *Maximum Marks : 80*

***General Instructions :***

*Question paper is divided into four parts.*

*It has total 12 questions.*

***Part-I*** *: 1 Question no. 1 to 1*

***Part-II*** *: 2 Questions no. 2 to 3*

***Part-III*** *: 2 Questions no. 4 to 5*

***Part-IV*** *: 7 Questions no. 6 to 12*

*Attempt questions as per specific instructions.*

*Write question no. in answer-book before attempting it.*

***ਸਧਾਰਨ ਨਿਰਦੇਸ਼ :***

*ਪ੍ਰਸ਼ਨ-ਪੱਤਰ ਵਿੱਚ ਕੁੱਲ ਚਾਰ ਭਾਗ ਹਨ ।*

*ਇਸ ਵਿੱਚੋਂ ਕੁੱਲ 12 ਪ੍ਰਸ਼ਨ ਹਨ ।*

***ਭਾਗ-I*** *: 1 ਪ੍ਰਸ਼ਨ ਨੰ. 1 ਤੋਂ 1 ਤੱਕ*

***ਭਾਗ-II*** *: 2 ਪ੍ਰਸ਼ਨ ਨੰ. 2 ਤੋਂ 3 ਤੱਕ*

***ਭਾਗ-III*** *: 2 ਪ੍ਰਸ਼ਨ ਨੰ. 4 ਤੋਂ 5 ਤੱਕ*

***ਭਾਗ-IV*** *: 7 ਪ੍ਰਸ਼ਨ ਨੰ. 6 ਤੋਂ 12 ਤੱਕ*

## ਭਾਗ-I : ਪੜ੍ਹਨ-ਕੌਸ਼ਲ (ਭਾਸ਼ਾ)

## PART-I : Reading Skills

*8+8+7=23*

1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ : *8×1=8*

ਗਾਹਕ ਤੋਂ ਭਾਵ ਉਸ ਵਿਅਕਤੀ ਤੋਂ ਹੈ ਜਿਹੜਾ ਕੋਈ ਚੀਜ਼ ਖਰੀਦਣ ਲਈ ਕਿਸੇ ਦੁਕਾਨ 'ਤੇ ਜਾਂਦਾ ਹੈ । ਸਾਨੂੰ ਹਰ ਰੋਜ਼ ਆਪਣੀ ਜ਼ਰੂਰਤ ਦੀਆਂ ਅਨੇਕਾਂ ਚੀਜ਼ਾਂ ਖਰੀਦਣੀਆਂ ਪੈਂਦੀਆਂ ਹਨ । ਇਹਨਾਂ ਚੀਜਾਂ ਨੂੰ ਖਰੀਦਣ ਲੱਗਿਆਂ ਜੇਕਰ ਅਸੀਂ ਸੁਚੇਤ ਨਾ ਰਹੀਏ ਤਾਂ ਅਸੀਂ ਘਾਟੇ ਵਿੱਚ ਰਹਿ ਸਕਦੇ ਹਾਂ । ਭੋਲੇ ਗਾਹਕਾਂ ਨੂੰ ਤਾਂ ਦੁਕਾਨਦਾਰ ਲੁੱਟ ਹੀ ਲੈਂਦੇ ਹਨ । ਹਰ ਦੁਕਾਨਦਾਰ ਚਾਹੁੰਦਾ ਹੈ ਕਿ ਉਹ ਆਪਣਾ ਸਮਾਨ ਵੇਚ ਕੇ ਵੱਧ ਤੋਂ ਵੱਧ ਲਾਭ ਪ੍ਰਾਪਤ ਕਰੇ । ਇਸ ਲਈ ਉਹ ਕਈ ਤਰ੍ਹਾਂ ਦੇ ਯਤਨ ਕਰਦਾ ਹੈ । ਉਹ ਆਪਣੀ ਚੀਜ਼ ਦੀ ਤਾਰੀਫ ਦੇ ਪੁੱਲ ਬੰਨ੍ਹਦਾ ਹੈ । ਕਈ ਦੁਕਾਨਦਾਰ ਵੱਧ ਲਾਭ ਪ੍ਰਾਪਤ ਕਰਨ ਲਈ ਆਪਣੇ ਵੱਲੋ ਵੇਚੀ ਚੀਜ਼ ਦੀ ਗਿਣਤੀ-ਮਿਣਤੀ ਆਦਿ ਵਿੱਚ ਵੀ ਹੇਰਾ ਫੇਰੀ ਕਰਦੇ ਹਨ । ਉਹ ਘੱਟ ਤੋਲ ਕੇ ਜਾਂ ਘੱਟ ਮਿਣਤੀ ਕਰਕੇ ਆਪਣੇ ਲਾਭ ਨੂੰ ਵਧਾਉਣ ਦੀ ਕੋਸ਼ਿਸ ਕਰਦੇ ਹਨ । ਕਈ ਵਾਰ ਦੁਕਾਨਦਾਰ ਨਕਲੀ ਚੀਜ਼ਾਂ ਨੂੰ ਅਸਲੀ ਦੱਸ ਕੇ ਵੇਚਦੇ ਹਨ । ਇਸ ਸਥਿਤੀ ਵਿੱਚ ਗਾਹਕ ਨੂੰ ਸੁਚੇਤ ਹੋਣ ਦੀ ਲੋੜ ਹੈ । ਇਕ ਸੁਚੇਤ ਗਾਹਕ ਕਿਸੇ ਚੀਜ਼ ਨੂੰ ਖਰੀਦਣ ਸਮੇਂ ਪੂਰੀ ਪੜਤਾਲ ਕਰਦਾ ਹੈ । ਉਹ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਖਰੀਦੀ ਜਾਣ ਵਾਲੀ ਚੀਜ਼ ਦੀ ਗਿਣਤੀ-ਮਿਣਤੀ ਜਾਂ ਤੋਲ ਠੀਕ ਹੋਵੇ ਅਤੇ ਚੀਜ਼ ਨਕਲੀ ਵੀ ਨਾ ਹੋਵੇ ।

ਇਸ ਲਈ ਇੱਕ ਸੁਚੇਤ ਗਾਹਕ ਸਹੀ ਥਾਂ ਤੋਂ ਹੀ ਚੀਜ਼ ਖਰੀਦਦਾ ਹੈ। ਅੱਜ-ਕੱਲ ਬਜ਼ਾਰ ਵਿੱਚ ਇੱਕੋ ਚੀਜ਼ ਦੇ ਐਨੇ ਨਮੂਨੇ ਵਿਕ ਰਹੇ ਹਨ ਕਿ ਸਾਡੇ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਗੱਲ ਦੀ ਪੜਤਾਲ ਕਰੀਏ ਕਿ ਕਿਹੜੀ ਕੰਪਨੀ ਦੀ ਚੀਜ਼ ਭਰੋਸੇਯੋਗ ਹੈ। ਜਿਵੇਂ ਪੱਖੇ, ਮਸ਼ੀਨਾਂ, ਫਰਿੱਜ ਅਤੇ ਟੈਲੀਵਿਜ਼ਨ ਆਦਿ ਕਈ ਕੰਪਨੀਆਂ ਦੇ ਵਿੱਕ ਰਹੇ ਹਨ। ਇਸ ਹਾਲਤ ਵਿੱਚ ਸਾਨੂੰ ਸੁਚੇਤ ਰਹਿਣ ਦੀ ਲੋੜ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਵੱਖ-ਵੱਖ ਕੰਪਨੀਆਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਅਤੇ ਇਹਨਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣੀਏ ਅਤੇ ਫਿਰ ਫੈਸਲਾ ਕਰੀਏ ਕਿ ਕਿਸ ਕੰਪਨੀ ਦੀ ਚੀਜ਼ ਲੈਣੀ ਹੈ। ਦੂਸਰੀ ਗੱਲ ਇਹ ਹੈ ਕਿ ਸਾਨੂੰ ਕੋਈ ਚੀਜ਼ ਖਰੀਦਣ ਸਮੇਂ ਰਸੀਦ ਜਾਂ ਬਿੱਲ ਜ਼ਰੂਰ ਲੈਣੀ ਚਾਹੀਦੀ ਹੈ। ਦਵਾਈਆਂ ਖਰੀਦਦੇ ਸਮੇਂ ਸਾਨੂੰ ਇਹਨਾਂ ਦੀ ਮਿਆਦ ਜ਼ਰੂਰ ਦੇਖਣੀ ਚਾਹੀਦੀ ਹੈ। ਇਸੇ ਤਰ੍ਹਾਂ ਅਸੀਂ ਆਪਣੇ ਖ਼ਰਚੇ ਗਏ ਪੈਸੇ ਦਾ ਠੀਕ ਮੁੱਲ ਪ੍ਰਾਪਤ ਕਰ ਸਕਦੇ ਹਾਂ। ਇਹੀ ਸਭ ਇਕ ਸੁਚੇਤ ਗਾਹਕ ਨੂੰ ਕਰਨਾ ਚਾਹੀਦਾ ਹੈ।

(i) ਗਾਹਕ ਤੋਂ ਕੀ ਭਾਵ ਹੈ ?

(A) ਆਮ ਵਿਅਕਤੀ
(B) ਚੀਜ਼ਾਂ ਖਰੀਦਣ ਵਾਲਾ
(C) ਇਕ ਵਿਉਪਾਰੀ
(D) ਸਰਕਾਰੀ ਕਰਮਚਾਰੀ

(ii) ਭੋਲੇ-ਭਾਲੇ ਗਾਹਕਾਂ ਨਾਲ ਦੁਕਾਨਦਾਰ ਕੀ ਕਰਦੇ ਹਨ ?

(A) ਅੱਖਾਂ ਦਿਖਾਉਂਦੇ ਹਨ।
(B) ਘਟੀਆ ਚੀਜ਼ਾਂ ਦੇ ਦੇਂਦੇ ਹਨ।
(C) ਜਿਆਦਾ ਪੈਸੇ ਲੈਂਦੇ ਹਨ।
(D) ਲੁੱਟ ਲੈਂਦੇ ਹਨ।

(iii) ਚੀਜ਼ਾਂ ਖਰੀਦਣ ਸਮੇਂ ਗਾਹਕ ਘਾਟੇ ਵਿੱਚ ਕਿਵੇਂ ਰਹਿ ਜਾਂਦੇ ਹਨ ?

(A) ਸੁਚੇਤ ਨਾ ਹੋਣ ਕਰਕੇ
(B) ਦੁਕਾਨਦਾਰ ਦੀਆਂ ਗੱਲਾਂ ਵਿੱਚ ਆ ਕੇ
(C) ਦੁਕਾਨਦਾਰ ਨਾਲ ਲੜ ਕੇ
(D) ਮਾਪ-ਤੋਲ ਨਾ ਦੇਖ ਕੇ

(iv) ਦੁਕਾਨਦਾਰ ਵੱਧ ਲਾਭ ਪ੍ਰਾਪਤ ਕਰਨ ਲਈ ਕੀ ਕਰਦੇ ਹਨ ?

(A) ਘੱਟ ਮਾਪ-ਤੋਲ ਕਰਦੇ ਹਨ
(B) ਘਟੀਆ ਚੀਜ਼ਾਂ ਵੇਚਦੇ ਹਨ
(C) ਮਿਲਾਵਟੀ ਚੀਜ਼ਾਂ ਵੇਚਦੇ ਹਨ
(D) ਵੱਧ ਪੈਸੇ ਲਗਾਉਂਦੇ ਹਨ

(v) ਦਵਾਈਆਂ ਖਰੀਦਦੇ ਸਮੇਂ ਕੀ ਵੇਖਣਾ ਜ਼ਰੂਰੀ ਹੈ ?

(A) ਰੇਟ-ਲਿਸਟ
(B) ਰਸੀਦ
(C) ਟੈਕਸ ਕਟੌਤੀ
(D) ਮਿਆਦ

(vi) ਕੋਈ ਚੀਜ਼ ਖਰੀਦਣ ਤੋਂ ਬਾਅਦ ਸਾਨੂੰ ਕੀ ਲੈਣਾ ਜ਼ਰੂਰੀ ਹੈ ?

(A) ਬਿੱਲ/ਰਸੀਦ
(B) ਥੈਲੀ
(C) ਗਰੰਟੀ
(D) ਬਕਾਇਆ ਪੈਸੇ

(vii) ਕਿਸੇ ਕੰਪਨੀ ਤੋਂ ਚੀਜ਼ ਖਰੀਦਣ ਸਮੇਂ ਕਿਹੜੀ ਪੜਤਾਲ ਜ਼ਰੂਰੀ ਹੈ ?

(A) ਮਸ਼ਹੂਰ ਕੰਪਨੀ ਹੋਵੇ (B) ਭਰੋਸੇਯੋਗ ਕੰਪਨੀ ਹੋਵੇ

(C) ਪੱਕੀ ਹੋਵੇ (D) ਅਸਲੀ ਹੋਵੇ

(viii) ਉਪਰ ਦਿੱਤੇ ਗਏ ਪੈਰੇ ਦਾ ਸਿਰਲੇਖ ਹੈ :

(A) ਗਾਹਕ (B) ਦੁਕਾਨਦਾਰ

(C) ਕੱਚਾ ਗਾਹਕ (D) ਸੁਚੇਤ ਗਾਹਕ

## ਭਾਗ-II : ਪ੍ਰਭਾਵਸ਼ਾਲੀ ਲਿਖਣ-ਕੌਸ਼ਲ

## PART-II : Writing Skills *8+7=15*

2. (a) ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਜੀਵਨ-ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ । *8*

**ਜਾਂ (OR)**

(b) ਤੁਸੀਂ ਹੁਣੇ-ਹੁਣੇ ਬਿਊਟੀ ਐਂਡ ਵੈੱਲਨੇਸ ਦਾ ਕੰਮ ਸਿੱਖਿਆ ਹੈ । ਆਪਣਾ ਕਾਰੋਬਾਰ ਚਲਾਉਣ ਲਈ ਇਲਾਕਾ-ਨਿਵਾਸੀਆਂ ਨੂੰ ਸੇਵਾਵਾਂ ਦਾ ਲਾਭ ਉਠਾਉਣ ਲਈ ਖੁੱਲ੍ਹੀ ਚਿੱਠੀ ਰਾਹੀਂ ਅਪੀਲ ਕਰੋ ।

3. ਕਿਸੇ ਇੱਕ ਵਿਸ਼ੇ ’ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ : *7*

(a) ਘਰੇਲੂ ਬਗ਼ੀਚਾ

**ਜਾਂ (OR)**

(b) ਪੜ੍ਹਨ ਦਾ ਸ਼ੌਕ

## ਭਾਗ-III : ਵਿਹਾਰਕ ਵਿਆਕਰਨ

## PART-III : Grammar *3+10=13*

4. **ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿਚੋਂ ਕਿਸੇ ***ਤਿੰਨ*** *(any **three**)* ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ
ਵਾਕ-ਵਟਾਂਦਰਾ ਕਰੋ : *3×1=3*

(i) ਨਰਿੰਦਰ ਸਕੂਲ ਜਾ ਕੇ ਪੜ੍ਹਾਈ ਵਿਚ ਮਸਤ ਹੋ ਜਾਂਦਾ ਹੈ । (ਸੰਯੁਕਤ ਵਾਕ ਬਣਾਉ)

(ii) ਕੋਈ ਸੁਹਣੀ ਜਿਹੀ ਕਵਿਤਾ ਸੁਣਾਉ । (ਪ੍ਰਸ਼ਨ-ਵਾਚਕ ਵਾਕ ਬਣਾਉ)

(iii) ਅੱਜ-ਕਲ ਕੌਣ ਕਿਸੇ ਦੇ ਆਖੇ ਲੱਗਦਾ ਹੈ ? (ਸਧਾਰਨ ਵਾਕ ਬਣਾਉ)

(iv) ਮਿਹਨਤ ਕਦੇ ਵਿਅਰਥ ਨਹੀਂ ਜਾਂਦੀ । (ਹਾਂ ਵਾਚਕ ਵਾਕ ਬਣਾਉ)

5. **ਅਖਾਣ/ਅਖਾਉਤਾਂ**

ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ ***ਪੰਜ*** *(any **five**)* ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ : *5×2=10*

(i) ਢਿੱਡ ਭਰਿਆ ਕੰਮ ਸਰਿਆ

(ii) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ

(iii) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲ਼ਨੀਆਂ ਹਨ

(iv) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ

(v) ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ

(vi) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ

## ਭਾਗ-IV : ਸਾਹਿਤ (ਪਾਠ-ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ)

## PART-IV : Text-Book Based Questions *8+4+6+5+8+5+8=44*

**ਕਵਿਤਾਵਾਂ ਵਿੱਚੋਂ :**

**6.** ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ***ਇੱਕ*** *(any* ***one****)* ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

(a) ਰਾਤ ਸੁੱਲਗਦਾ ਸੁੰਵਾ ਪਾਲਾ
ਮੈਂ, ਮੇਰੀ ਮਾਂ, ਦੀਪ-ਵਿਹੂਣੇ
ਜਿਉਂ ਨੇਰ੍ਹੇ ਦੀ ਝੁੰਬ ਮਾਰ ਕੇ
ਦੋ ਬੂਟੇ ਕੁਮਲਾਏ ਸੁੱਤੇ ।

**ਜਾਂ (OR)**

(b) ਅਰਸ਼ਾਂ ਦੇ ਵਿੱਚ 'ਕੁਦਰਤ ਦੇਵੀ' ਸਾਨੂੰ ਨਜ਼ਰੀਂ ਆਈ ।
ਹੁਸਨ-ਮੰਡਲ ਵਿੱਚ ਖੜ੍ਹੀ ਖੇਡਦੀ, ਖ਼ੁਸ਼ੀਆਂ ਛਹਿਬਰ ਲਾਈ ।
ਦੌੜੀ ਨੇ ਇਕ ਮੁੱਠ ਭਰ ਲੀਤੀ, ਇਸ ਵਿੱਚ ਕੀ-ਕੀ ਆਇਆ :
ਪਰਬਤ, ਟਿੱਬੇ ਅਤੇ ਕਰੇਵੇ ਵਿੱਚ ਮੈਦਾਨ ਸੁਹਾਇਆ ।

**7.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *4×1=4*

(i) ਮਜਦੂਰਨੀਆਂ ਦੇ ਪੈਰ ਕਿਸ ਤਰ੍ਹਾਂ ਦੇ ਸਨ ?

(A) ਤੁੱਕਿਆਂ ਵਰਗੇ (B) ਬਹੁਤ ਗੰਦੇ
(C) ਬਿਆਈਆਂ ਪਾਟੇ (D) ਸਾਫ਼ ਸੁਥਰੇ

(ii) 'ਟੁਕੜੀ ਜੱਗ ਤੋਂ ਨਯਾਰੀ' ਕਵਿਤਾ ਵਿੱਚ ਕਿਥੋਂ ਦੀ ਸੁੰਦਰਤਾ ਬਾਰੇ ਦੱਸਿਆ ਗਿਆ ਹੈ ?

(A) ਪੰਜਾਬ ਦੀ (B) ਕਸ਼ਮੀਰ ਦੀ
(C) ਕੇਰਲ ਦੀ (D) ਜੰਮੂ ਦੀ

(iii) 'ਚੁੰਮ ਚੁੰਮ ਰੱਖੋ' ਕਵਿਤਾ ਕਿਸ ਕਵੀ ਦੀ ਲਿਖੀ ਹੈ ?

(A) ਭਾਈ ਵੀਰ ਸਿੰਘ (B) ਪ੍ਰੋ. ਪੂਰਨ ਸਿੰਘ
(C) ਪ੍ਰੋ. ਮੋਹਨ ਸਿੰਘ (D) ਨੰਦ ਲਾਲ ਨੂਰਪੁਰੀ

(iv) ਪੰਜਾਂ ਪਾਣੀਆਂ ਵਿੱਚ ਕਿਸੇ ਨੇ ਕੀ ਮਿਲਾ ਦਿੱਤਾ ਸੀ ?

(A) ਜ਼ਹਿਰ (B) ਗੁੜ

(C) ਲੂਣ (D) ਅੰਮ੍ਰਿਤ

**ਕਹਾਣੀਆਂ ਵਿੱਚੋਂ :**

**8.** (a) 'ਮਾੜਾ ਬੰਦਾ' ਕਹਾਣੀ ਵਿਚਲੇ ਪਾਤਰ 'ਰਿਕਸ਼ੇ ਵਾਲਾ' ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਕਰੋ । *6*

**ਜਾਂ (OR)**

(b) 'ਘਰ ਜਾ ਆਪਣੇ' ਕਹਾਣੀ ਦਾ ਵਿਸ਼ਾ-ਵਸਤੂ 125 – 150 ਸ਼ਬਦਾਂ ਵਿੱਚ ਲਿਖੋ ।

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਜੀਤੋ ਦੇ ਵੱਡੇ ਵੀਰ ਦੇ ਕੱਪੜੇ ਕਿਸ ਨਾਲ ਖਰਾਬ ਹੋਏ ਸਨ ?

(A) ਮਿੱਟੀ ਨਾਲ (B) ਸਬਜ਼ੀ ਨਾਲ

(C) ਤੇਲ ਨਾਲ (D) ਗੋਹੇ ਨਾਲ

(ii) ਲੇਖਕ ਦੀ ਪਤਨੀ ਨੇ ਰਿਕਸ਼ੇ ਵਾਲੇ ਨੂੰ ਕਿੰਨੇ ਰੁਪਏ ਫੜਾਏ ?

(A) ਦੋ ਰੁਪਏ (B) ਪੰਜ ਰੁਪਏ

(C) ਤਿੰਨ ਰੁਪਏ (D) ਚਾਰ ਰੁਪਏ

(iii) 'ਨੀਲੀ' ਕਹਾਣੀ ਵਿੱਚ ਨੀਲੀ ਕਿਸ ਦੀ ਸੀ ?

(A) ਲੇਖਕ ਦੀ (B) ਚੀਰੇ ਵਾਲੇ ਦੀ

(C) ਗਵਾਲੇ ਦੀ (D) ਬੁੱਢੀ ਦੀ

(iv) 'ਬੁੱਢੀ ਮਾਈ' ਕਿਹੜੀ ਕਹਾਣੀ ਦੀ ਪਾਤਰ ਹੈ ?

(A) ਨੀਲੀ (B) ਮਾੜਾ ਬੰਦਾ

(C) ਘਰ ਜਾ ਆਪਣੇ (D) ਸਾਂਝ

(v) ਕਿਸਨੂੰ ਸਾਈਕਲ ਦੇ ਨਾਂ ਤੇ ਆਪਣੀ ਗਰੀਬੀ ਦਾ ਅਹਿਸਾਸ ਹੋਇਆ ?

(A) ਪ੍ਰੋਫੈਸਰ ਨੂੰ (B) ਚੀਰੇ ਵਾਲੇ ਨੂੰ

(C) ਗਵਾਲੇ ਨੂੰ (D) ਬੁੱਢੀ ਨੂੰ

**10.** ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ***ਚਾਰ*** *(any **four**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ : *4×2=8*

(i) ਲੇਖਕ ਦੀ ਪਤਨੀ ਨੇ ਗਵਾਲੇ ਨਾਲ ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ?

(ii) ਲੇਖਕ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕਿਹੜੇ ਕਾਰਨ ਸਮਝਦਾ ਸੀ ?

(iii) ਲੇਖਕ ਦੀ ਪਤਨੀ ਰਿਕਸ਼ੇ ਵਾਲੇ ਨੂੰ ਬਾਹਰ ਖੜਾ ਦੇਖ ਕੇ ਬੇਚੈਨ ਕਿਉਂ ਹੋ ਜਾਂਦੀ ਹੈ ?

(iv) ਜੀਤੋ ਦੀ ਗੂੜ੍ਹੀ ਸਹੇਲੀ ਨੇ ਜੀਤੋ ਦੇ ਵੀਰ ਨੂੰ ਰੋਂਦਿਆਂ ਹੋਇਆਂ ਕੀ ਕਿਹਾ ਸੀ ?

(v) ਗਵਾਲਾ ਵੀ ਉਸ ਨੂੰ (ਨੀਲੀ) ਨਹੀਂ ਸਮਝ ਰਿਹਾ। ਨੀਲੀ ਦੇ ਇਹਨਾਂ ਭਾਵਾਂ ਨੂੰ ਲੇਖਕ ਨੇ ਕਿਵੇਂ ਬਿਆਨ ਕੀਤਾ ਹੈ ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

**11.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ : *5×1=5*

(i) ਰੰਗਾਂ ਦਾ ਤਿਉਹਾਰ ਕਿਹੜਾ ਹੈ ?

(A) ਦੀਵਾਲੀ (B) ਲੋਹੜੀ

(C) ਹੋਲੀ (D) ਵਿਸਾਖੀ

(ii) ਗੁੜ੍ਹਤੀ ਦੇਣ ਦੇ ਸਮੇਂ ਤੱਕ ਮਾਂ ਆਪਣੇ ਬੱਚੇ ਨੂੰ __________ ।

(A) ਨਹਾਉਂਦੀ ਨਹੀਂ (B) ਦੁੱਧ ਨਹੀਂ ਚੁੰਘਾਉਂਦੀ

(C) ਚੁੱਕਦੀ ਨਹੀਂ (D) ਰੁਲਾਉਂਦੀ ਨਹੀਂ

(iii) ਸਾਹੇ ਚਿੱਠੀ ਕੌਣ ਭੇਜਦਾ ਹੈ ?

(A) ਕੁੜੀ ਵਾਲੇ (B) ਮੁੰਡੇ ਵਾਲੇ

(C) ਨਾਨਕੇ (D) ਦਾਦਕੇ

(iv) ਪੰਜਾਬੀ ਮੁਟਿਆਰਾਂ ਦਾ ਪ੍ਰਮੁੱਖ ਨਾਚ ਕਿਹੜਾ ਹੈ ?

(A) ਲੁੱਡੀ (B) ਗਿੱਧਾ

(C) ਝੂੰਮਰ (D) ਧਮਾਲ

(v) 'ਖਿੱਦੋ-ਖੂੰਡੀ' ਖੇਡ ਦੀ ਥਾਂ ਕਿਸ ਖੇਡ ਨੇ ਮੱਲ ਲਈ ਹੈ ?

(A) ਕਬੱਡੀ ਨੇ (B) ਫੁੱਟਬਾਲ ਨੇ

(C) ਹਾਕੀ ਨੇ (D) ਕ੍ਰਿਕਟ ਨੇ

**12.** ਹੇਠ ਲਿੱਖੇ ਪ੍ਰਸ਼ਨਾਂ ਵਿੱਚੋਂ ਕਿਸੇ ***ਦੋ*** *(any **two**)* ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ : *2×4=8*

(i) ਮਨੁੱਖੀ ਜੀਵਨ ਵਿਚ ਰਸਮ-ਰਿਵਾਜ਼ਾਂ ਦੇ ਪੈਦਾ ਹੋਣ ਦੇ ਕੀ ਕਾਰਨ ਹਨ ?

(ii) ਲੋਕ-ਖੇਡਾਂ ਮਨੋਰੰਜਨ ਦਾ ਸਾਧਨ ਹੋਣ ਦੇ ਨਾਲ-ਨਾਲ ਭਾਈਚਾਰਕ ਸਾਂਝ ਕਿਵੇਂ ਪੈਦਾ ਕਰਦੀਆਂ ਹਨ ?

(iii) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਵਰਨਣ ਕਰੋ ।